ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ

ਭਰਤੀ ਰੈਲੀਆਂ ਵਾਸਤੇ ਨੌਜਵਾਨਾਂ ਲਈ ਆਨਲਾਈ ਸਿਖਲਾਈ ਦੀ ਸਹੂਲਤ

* ਟ੍ਰੇਨਿੰਗ ਦਾ ਲਾਭ ਲੈਣ ਲਈ ਮੋਬਾਈਲ ਨੰਬਰ 88376-96495 ’ਤੇ ਕੀਤਾ ਜਾਵੇ ਰਾਬਤਾ

ਬਰਨਾਲਾ, 18 ਮਈ

ਫੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਵਾਸਤੇ ਸਿਖਲਾਈ ਲੈਣ ਲਈ ਰੁਜ਼ਗਾਰ ਉਤਪਤੀ ਅਤੇ ਟ੍ਰੇਨਿੰਗ ਵਿਭਾਗ ਪੰਜਾਬ ਵੱਲੋਂ ਸੀ-ਪਾਈਟ ਕੈਂਪ ਚਲਾਏ ਜਾ ਰਹੇ ਹਨ, ਜਿਨ੍ਹਾਂ ਅਧੀਨ ਸਿਖਲਾਈ ਲੈ ਕੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੇ ਆਪਣਾ ਭਵਿੱਖ ਸੰਵਾਰਿਆ ਹੈ। ਕੈਂਪਾਂ ਦਾ ਮੁੱਖ ਉਦੇਸ਼ ਪੰਜਾਬ ਦੇ ਪੇਂਡੂ ਖੇਤਰ ਨਾਲ ਸਬੰਧਿਤ ਬੇਰੋਜ਼ਗਾਰ ਨੌਜਵਾਨਾਂ ਨੂੰ ਆਰਮੀ, ਪੈਰਾ ਮਿਲਟਰੀ ਫੋਰਸ ਅਤੇ ਪੁਲਿਸ ਬਲਾਂ ਵਿੱਚ ਭਰਤੀ ਹੋਣ ਵਾਸਤੇ ਸਿਖਲਾਈ ਦੇਣਾ ਹੈ।

ਇਹ ਪ੍ਰਗਟਾਵਾ ਕਰਦੇ ਹੋਏ ਡਿਪਟੀ ਡਾਇਰੈਕਟਰ ਰੋਜ਼ਗਾਰ, ਉਤਪਤੀ ਤੇ ਸਿਖਲਾਈ ਵਿਭਾਗ, ਜ਼ਿਲਾ ਬਰਨਾਲਾ ਤੇ ਕੈਂਪ ਕਮਾਂਡੈਂਟ ਕਰਨਲ ਐਨ ਡੀ ਐਸ ਬੈਂਸ ਨੇ ਦੱਸਿਆ ਕਿ ਸਾਲ 2020-21 ਦੀਆਂ ਭਰਤੀ ਰੈਲੀਆਂ ਕੋਰੋਨਾ ਮਹਾਮਾਰੀ ਕਾਰਨ ਮੁਲਤਵੀ ਹੋ ਗਈਆਂ ਸਨ। ਹੁਣ ਉਮੀਦ ਹੈ ਕਿ ਹਾਲਾਤ ਸੁਧਰਨ ਉਪਰੰਤ ਇਹ ਭਰਤੀ ਰੈਲੀਆਂ ਬਹੁਤ ਛੇਤੀ ਸ਼ੁਰੂ ਹੋ ਜਾਣਗੀਆਂ, ਜਿਸ ਸਬੰਧੀ ਭਰਤੀ ਦੇ ਚਾਹਵਾਨ ਨੌਜਵਾਨਾਂ ਨੂੰ ਤਿਆਰੀ ਵਾਸਤੇ ਘੱਟ ਸਮਾਂ ਮਿਲੇਗਾ। ਇਸ ਦੇ ਸਬੰਧ ਵਿੱਚ ਲਿਖਤੀ ਪੇਪਰ ਦੀ ਤਿਆਰੀ ਵਾਸਤੇ ਸੀ-ਪਾਈਟ ਕੈਂਪ ਨਾਭਾ, ਭਵਾਨੀਗੜ੍ਹ ਰੋਡ, ਗ੍ਰਾਮ ਸੇਵਕ ਟ੍ਰੇਨਿੰਗ ਸੈਂਟਰ ਵੱਲੋਂ ਆਨਲਾਈਨ ਮਾਧਿਅਮ ਰਾਹੀਂ ਕਲਾਸਾਂ ਦੀ ਸਹੂਲਤ ਦਿੱਤੀ ਗਈ। ਇਹ ਟ੍ਰੇਨਿੰਗ 2 ਮਹੀਨਿਆਂ ਵਾਸਤੇ ਚੱਲੇਗੀ ਤੇ ਜ਼ਿਲ੍ਹਾ ਬਰਨਾਲਾ ਨਾਲ ਸਬੰਧਿਤ ਨੌਜਵਾਨ ਸੀ-ਪਾਈਟ ਕੈਂਪ ਤੋਂ ਇਹ ਟ੍ਰੇਨਿੰਗ ਆਪਣੇ ਘਰ ਬੈਠੇ ਹੀ ਆਨਲਾਈਨ ਲੈ ਸਕਦੇ ਹਨ। ਇਸ ਆਨਲਾਈਨ ਤਿਆਰੀ ਸਬੰਧੀ ਵਧੇਰੇ ਜਾਣਕਾਰੀ ਲੈਣ ਵਾਸਤੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹਰਦੀਪ ਸਿੰਘ ਰਾਏ, ਏਜੂਕੇਸ਼ਨ ਮਾਸਟਰ, ਸੀ-ਪਾਈਟ ਕੈਂਪ, ਨਾਭਾ ਦੇ ਮੋਬਾਇਲ ਨੰ: 8837696495 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ
ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਓਰੋ ਵੱਲੋਂ 'ਈ-ਲਾਇਬ੍ਰੇਰੀ' ਦੀ ਸਹੂਲਤ
ਬਰਨਾਲਾ, 18 ਮਈ
ਕੋਵਿਡ-19 ਦੇ ਚੱਲਦਿਆਂ ਤਾਲਾਬੰਦੀ ਦੌਰਾਨ ਜ਼ਿਲ੍ਹੇ ਦੇ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਦੀ ਸਹੂਲਤ ਲਈ ਈ-ਲਾਇਬ੍ਰੇਰੀ ਸ਼ੁਰੂ ਕੀਤੀ ਗਈ ਹੈ ਤਾਂ ਜੋ ਘਰ ਬੈਠੇ ਵਿਦਿਆਰਥੀਆਂ ਨੂੰ ਜਿੱਥੇ ਦੁਨੀਆਂ ਭਰ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਹਾਸਲ ਹੋਵੇ, ਉਥੇ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਹੋ ਸਕੇ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਦੀ ਪਲੇਸਮੈਂਟ ਅਫਸਰ ਮਿਸ ਸੁਨਾਕਸ਼ੀ ਨੰਗਲਾ ਨੇ ਦੱਸਿਆ ਕਿ ਭਵਿੱਖ ਵਿੱਚ ਆਉਣ ਵਾਲੇ ਰੋਜ਼ਗਾਰ ਦੇ ਮੌਕਿਆਂ ਲਈ ਵੀ ਈ-ਲਾਇਬ੍ਰੇਰੀ ਵਿਦਿਆਰਥੀਆਂ ਲਈ ਬਹੁਤ ਸਹਾਇਕ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਈ-ਲਾਇਬ੍ਰੇਰੀ ਵਿੱਚ ਰੋਜ਼ਾਨਾ ਅਖਬਾਰ, ਹਫਤਾਵਾਰੀ ਰੋਜ਼ਗਾਰ ਸਮਾਚਾਰ, ਮੁਕਾਬਲਿਆਂ ਲਈ ਸਹਾਇਕ ਮੈਗਜ਼ੀਨ ਅਤੇ ਪ੍ਰੀਖਿਆਂ ਦੀ ਤਿਆਰੀ ਲਈ ਹੋਰ ਜ਼ਰੂਰੀ ਸਮੱਗਰੀ ਅਪਲੋਡ ਕੀਤੀ ਗਈ ਹੈ। ਇਸ ਈ-ਲਾਇਬ੍ਰੇਰੀ ਦਾ ਲਿੰਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਫੇਸਬੁੱਕ ਪੇਜ

District  Bureau of Employment and Enterprises Barnala ਤੇ ਉਪਲਬੱਧ ਹੈ। ਉਨ੍ਹਾਂ ਕਿਹਾ

ਕਿ ਨੌਜਵਾਨ/ਵਿਦਿਆਰਥੀ ਇਸ ਈ-ਲਾਇਬ੍ਰੇਰੀ ਦੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ

ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ 31 ਮਈ ਤੱਕ ਤਾਲਾਬੰਦੀ ਦੇ ਆਦੇਸ਼ ਜਾਰੀ

- ਸ਼ਾਮ 7 ਤੋਂ ਸਵੇਰੇ 7 ਵਜੇ ਤੱਕ ਰਹੇਗਾ ਕਰਫਿਊ
- ਬੈਂਕਾਂ ਦਾ ਸਮਾਂ ਆਮ ਵਾਂਗ ਰਹੇਗਾ *
- ਰੈਸਟੋਰੈਂਟਾਂ ਨੂੰ ਹੋਮ ਡਿਲਿਵਰੀ ਅਤੇ ਪੈਕ ਕਰ ਕੇ ਦੇਣ ਦੀ ਇਜਾਜ਼ਤ ਬਰਨਾਲਾ, 18 ਮਈ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਰੌਸ਼ਨੀ ਵਿਚ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ 18 ਮਈ ਤੋਂ 31 ਮਈ 2020 ਤੱਕ ਲਾਕਡਾਊਨ (ਤਾਲਾਬੰਦੀ) ਰਹੇਗਾ। ਇਸ ਤੋਂ ਇਲਾਵਾ ਸ਼ਾਮ 7 ਵਜੇ ਤੋਂ ਸਵੇਰ 7 ਵਜੇ ਤੱਕ ਕਰਫਿਊ ਤੱਕ ਕਰਫਿਊ ਰਹੇਗਾ। ਇਸ ਸਮੇਂ ਦੌਰਾਨ ਆਮ ਨਾਗਰਿਕਾਂ ਨੂੰ ਗੈਰ ਜ਼ਰੂਰੀ ਗਤੀਵਿਧੀਆਂ ਲਈ ਘੁੰਮਣ-ਫਿਰਨ ਦੀ ਮਨਾਹੀ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਸ. ਤੇਜ ਪ੍ਰਤਾਪ ਸਿੰਘ ਵੱਲੋਂ ਜਾਰੀ ਤਾਲਾਬੰਦੀ ਦੇ ਹੁਕਮਾਂ ਤਹਿਤ ਸਕੂਲ, ਕਾਲਜ, ਹੋਰ ਵਿਦਿਅਕ ਅਦਾਰੇ ਤੇ ਕੋਚਿੰਗ ਇੰਸਟੀਚਿਊਟ ਵਿਦਿਆਰਥੀਆਂ ਲਈ ਬੰਦ ਰਹਿਣਗੇ। ਉਹ ਹੋਟਲ ਅਤੇ ਹੋਰ ਪ੍ਰਾਹੁਣਚਾਰੀ ਸੇਵਾਵਾਂ ਜੋ ਪੰਜਾਬ ਸਰਕਾਰ ਵੱਲੋਂ ਏਕਾਂਤਵਾਸ ਸੈਂਟਰਾਂ ਜਾਂ ਏਕਾਂਤਵਾਸ ਤੇ ਹੋਰ ਫਸੇ ਹੋਏ ਵਿਅਕਤੀਆਂ ਦੀ ਸਹੂਲਤ ਲਈ ਵਰਤੀਆਂ ਜਾ ਰਹੀਆਂ ਹਨ, ਤੋਂ ਬਿਨਾਂ ਬਾਕੀਆਂ ਨੂੰ ਪ੍ਰਵਾਨਗੀ ਨਹੀਂ। ਸਿਨੇਮਾ ਹਾਲ, ਮਾਲ, ਸ਼ਾਪਿੰਗ ਕੰਪਲੈਕਸ, ਜਿਮ, ਸਵਿੰਮਿੰਗ ਪੂਲ, ਐਂਟਰਟੇਨਮੈਂਟ ਪਾਰਕ, ਥੀਏਟਰ, ਬਾਰ, ਆਡੀਟੋਰੀਅਮ, ਅਸੈਂਬਲੀ ਹਾਲ ਆਦਿ ਬੰਦ ਰਹਿਣਗੇ। ਸਮਾਜਿਕ, ਰਾਜਨੀਤਿਕ, ਖੇਡ ਮਨੋਰੰਜਨ, ਅਕਾਦਮਿਕ, ਸੱਭਿਆਚਾਰਕ ਤੇ ਧਾਰਮਿਕ ਸਮਾਗਮਾਂ ਤੇ ਅਜਿਹੇ ਹੋਰ ਇਕੱਠਾਂ ਦੀ ਪ੍ਰਵਾਨਗੀ ਨਹੀਂ। ਕਿਹੜੀਆਂ ਗਤੀਵਿਧੀਆਂ ਦੀ ਪ੍ਰਵਾਨਗੀ ? ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਸਵੇਰੇ 7 ਤੋਂ ਸ਼ਾਮ 6 ਵਜੇ ਤੱਕ ਮੁੱਖ ਬਾਜ਼ਾਰਾਂ ਵਿਚ ਦੁਕਾਨਾਂ ਖੋਲ੍ਹਣ ਦੀ ਇਜਾਜ਼ਤ ਹੋਵੇਗੀ। ਖੇਡ ਕੰਪਲੈਕਸ ਤੇ ਸਟੇਡੀਅਮ ਦਰਸ਼ਕਾਂ ਤੋਂ ਬਿਨਾਂ ਸੂਬਾਈ ਖੇਡ ਵਿਭਾਗ ਅਤੇ ਸਿਹਤ ਵਿਭਾਗ ਦੀਆਂ ਸ਼ਰਤਾਂ ਅਨੁਸਾਰ ਖੋਲ੍ਹੇ ਜਾ ਸਕਣਗੇ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਸਾਰੇ ਤਰ੍ਹਾਂ ਦੀਆਂ ਉਦਯੋਗਿਕ ਅਤੇ ਉਸਾਰੀ ਗਤੀਵਿਧੀਆਂ ਦੀ ਪ੍ਰਵਾਨਗੀ ਹੋਵੇਗੀ। ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ ਅਤੇ ਵੈਟਰਨਰੀ ਸੇਵਾਵਾਂ ਦੀ ਇਜਾਜ਼ਤ ਹੋਵੇਗੀ। ਸਾਰੇ ਤਰ੍ਹਾਂ ਦੀਆਂ ਵਸਤਾਂ ਲਈ ਈ-ਕਾਮਰਸ ਦੀ ਇਜਾਜ਼ਤ ਹੈ। ਸਰਕਾਰੀ ਅਤੇ ਪ੍ਰਾਈਵੇਟ ਦਫਤਰ ਖੋਲ੍ਹੇ ਜਾ ਸਕਣਗੇ। ਇਸ ਦੌਰਾਨ ਦਫਤਰਾਂ ’ਚੋਂ ਘੱਟ ਤੋਂ ਘੱਟ ਲੋੜੀਂਦਾ ਸਟਾਫ ਯਕੀਨੀ ਬਣਾਇਆ ਜਾਵੇ ਤੇ ਦੂਜਿਆਂ ਤੋਂ ਘਰ ਤੋਂ ਕੰਮ ਲਿਆ ਜਾ ਸਕਦਾ ਹੈ। ਵਿਦਿਅਕ ਅਦਾਰਿਆਂ ਨੂੰ ਦਫ਼ਤਰੀ ਕੰਮ, ਆਨਲਾਈਨ ਟੀਚਿੰਗ ਤੇ ਕਿਤਾਬਾਂ ਦੀ ਵੰਡ ਦੀ ਇਜਾਜ਼ਤ ਹੋਵੇਗੀ। ਇਸ ਤੋਂ ਇਲਾਵਾ ਹਜਾਮਤ ਦੀਆਂ ਦੁਕਾਨਾਂ ਅਤੇ ਸੈਲੂਨ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਖੁੱਲ੍ਹ ਸਕਣਗੇ। ਬੈਂਕਾਂ ਦਾ ਸਮਾਂ ਵੀ ਆਮ ਵਾਂਗ ਰਹੇਗਾ, ਪਰ ਬੈਂਕ ਵਿਚ ਘੱਟੋ ਘੱਟ ਸਟਾਫ ਯਕੀਨੀ ਬਣਾਇਆ ਜਾਵੇ। ਰੈਸਟਰੋਰੈਂਟਾਂ ਨੂੰ ਸਿਰਫ ਹੋਮ ਡਿਲਿਵਰੀ ਅਤੇ ਪੈਕ ਕਰ ਕੇ ਦੇਣ ਦੀ ਪ੍ਰਵਾਨਗੀ ਹੋਵੇਗੀ। ਕਿਹੜੀ ਮੂਵਮੈਂਟ ਦੀ ਹੈ ਪ੍ਰਵਾਨਗੀ? ਐਮਐਚਏ ਵੱਲੋਂ 17 ਮਈ ਨੂੰ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਅਨੁਲਗ-1 ਦੇ ਸਟੈਂਡਰਡ ਆਫ ਪ੍ਰੋਸ਼ੀਜ਼ਰ (ਐਸਓਪੀ) ਤਹਿਤ ਸੂਬਿਆਂ ਦੀ ਆਪਸੀ ਸਹਿਮਤੀ ਅਨੁਸਾਰ ਹੀ ਵਾਹਨਾਂ ਅੰਤਰਰਾਜੀ ਆਵਾਜਾਈ ਦੀ ਇਜਾਜ਼ਤ ਹੋਵੇਗੀ। ਇਸੇ ਤਰ੍ਹਾਂ ਸੂਬੇ ਅੰਦਰ ਜਨਤਕ ਆਵਾਜਾਈ ਵਾਹਨ ਸਰਕਾਰ ਵੱਲੋਂ ਜਾਰੀ ਐਸਓਪੀ ਅਤੇ ਐਮਐਚਏ ਦੀਆਂ ਹਦਾਇਤਾਂ ਮੁਤਾਬਕ ਚੱਲਣਗੇ। ਇਸੇ ਤਰ੍ਹਾਂ ਟੈਕਸੀਆਂ, ਕੈਬ, ਰਿਕਸ਼ਿਆਂ, ਈ –ਰਿਕਸ਼ਿਆਂ, ਦੋ ਪਹੀਆ ਅਤੇ 4 ਪਹੀਆ ਵਾਹਨਾਂ ਦੀ ਆਵਾਜਾਈ ਵੀ ਬਾਰੇ ਸੂਬਾਈ ਟਰਾਂਸਪੋਰਟ ਵਿਭਾਗ, ਪੰਜਾਬ ਸਰਕਾਰ ਦੇ ਐਸਓਪੀ/ਸ਼ਰਤਾਂ ਤਹਿਤ ਹੋਵੇਗੀ। ਕੀ ਹਨ ਹੋਰ ਜ਼ਰੂਰੀ ਰਿਆਇਤਾਂ ਤੇ ਸਲਾਹਕਾਰੀ ? ਉਦਯੋਗਿਕ ਅਤੇ ਹੋਰ ਸਬੰਧਤ ਇਕਾਈਆਂ ਨੂੰ ਆਪਣੇ ਕੰਮ ਸ਼ੁਰੂ ਕਰਨ ਲਈ ਕੋਈ ਵੱਖਰੀ ਪ੍ਰਵਾਨਗੀ ਦੀ ਇਜਾਜ਼ਤ ਨਹੀਂ ਹੋਵੇਗੀ। ਪ੍ਰਵਾਨਤ ਗਤੀਵਿਧੀਆਂ ਜਿਵੇਂ ਸ਼ਾਪਿੰਗ, ਦਫਤਰੀ ਜਾਣ ਤੇ ਹੋਰ ਕੰਮ ਦੀਆਂ ਥਾਵਾਂ ’ਤੇ ਜਾਣ ਲਈ ਪਾਸ ਜ਼ਰੂਰੀ ਨਹੀਂ ਹੋਵੇਗਾ। ਸਰਕਾਰੀ ਦਫਤਰਾਂ ਦੇ

ਮੁਲਾਜ਼ਮ, ਪ੍ਰਾਈਵੇਟ ਦਫਤਰਾਂ ਦੇ ਮੁਲਾਜ਼ਮ ਤੇ ਹੋਰ ਜ਼ਰੂਰੀ ਕੰਮ ਦੀਆਂ ਥਾਵਾਂ ’ਤੇ ਜਾਣ ਵਾਲੇ ਰਾਤ 7 ਵਜੇ ਤੋਂ ਸਵੇਰੇ 7 ਵਜੇ ਦੌਰਾਨ ਪਾਸ ਤੋਂ ਬਿਨਾਂ ਜਾ ਸਕਣਗੇ। 65 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗਾਂ, ਗਰਭਵਤੀ ਔਰਤਾਂ, 10 ਸਾਲ ਤੋਂ ਛੋਟੇ ਬੱਚਿਆਂ, ਗੰਭੀਰ ਬਿਮਾਰੀ ਵਾਲਿਆਂ ਨੂੰ ਬਹੁਤ ਜ਼ਰੂਰੀ ਕੰਮਾਂ ਤੋਂ ਬਿਨਾਂ ਘਰੋਂ ਨਾ ਨਿਕਲਣ ਦੀ ਸਲਾਹ ਦਿੱਤੀ ਜਾਂਦੀ ਹੈ।